## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਵਧੇਰੇ ਜਾਣਕਾਰੀ ਲੈਣ ਲਈ ਆਪਣੇ ਕਮਿਉਨਿਟੀ ਪਨਿਸ਼ਮੈਂਟ ਅਫ਼ਸਰ ਨਾਲ ਗੱਲ ਕਰੋ।

ECP (Punjabi) 08/03 OFF



# ਐਨਹਾਂਸਡ ਕਮਿਉਨਿਟੀ ਪਨਿਸ਼ਮੈਂਟ

(ਪੂਰੀ ਸਜ਼ਾ ਕਮਿਉਨਿਟੀ ਵਿਚ ਰਹਿ ਕੇ ਕੱਟਣਾ)



## ਤੁਹਾਡੇ ਲਈ ਜਾਣਕਾਰੀ

NATIONAL PROBATION SERVICE

ਕਿਸੇ ਖ਼ਾਸ ਮਕਸਦ ਲਈ ਸਜ਼ਾ ਦੇਣਾ

# ਐਨਹਾਂਸਡ ਕਮਿਊਨਿਟੀ ਪਨਿਸ਼ਮੈਂਟ (ਈ ਸੀ ਪੀ) ਕੀ ਹੈ?

## ਈ ਸੀ ਪੀ ਸਕੀਮ ਦਾ ਮੰਤਵ ਤੁਹਾਨੂੰ ਜੇਲ੍ਹ ਭੇਜੇ ਬਿਨਾਂ ਹੀ ਤੁਹਾਡੇ ਹੱਥੋਂ ਜੁਰਮ ਹੋਣੋ ਰੋਕਣਾ ਹੈ।

ਸਜ਼ਾ ਦੇ ਤੌਰ 'ਤੇ ਤੁਹਾਨੂੰ ਬਿਨਾਂ ਪੈਸੇ ਲਿਆਂ ਕਮਿਊਨਿਟੀ ਲਈ ਕੰਮ ਕਰਨਾ ਪਏਗਾ।

ਇਸ ਕੰਮ ਨਾਲ ਹੋਰ ਲੋਕਾਂ ਦੀ ਮਦਦ ਹੋਏਗੀ, ਅਤੇ ਤੁਹਾਡੀਆਂ ਹੇਠ ਲਿਖੀਆਂ ਯੋਗਤਾਵਾਂ ਵਿਚ ਵੀ ਵਾਧਾ ਹੋਏਗਾ:

- ਕੰਮ ਕਰਨ ਦੀਆਂ ਯੋਗਤਾਵਾਂ
- ਮਸਲੇ ਹੱਲ ਕਰਨ ਦੀਆਂ ਯੋਗਤਾਵਾਂ
- ਤੁਹਾਡੇ ਵਤੀਰਾ ਕਰਨ ਦੇ ਢੰਗਾਂ ਬਾਰੇ ਸੋਚਣ ਵਿਚ ਮਦਦ
- ਮੁਸੀਬਤ ਵਿਚ ਫਸਣ ਤੋਂ ਬਚਣ ਵਿਚ ਮਦਦ

ਤੁਹਾਡੇ ਕੰਮ ਦੇ ਸੈਸ਼ਨ ਸੋਮਵਾਰ ਤੋਂ ਸ਼ੁੱਕਰਵਾਰ ਤਕ ਅਤੇ ਵੀਕਐਂਡ 'ਤੇ ਵੀ ਚੱਲਣਗੇ। ਤੁਹਾਡੇ ਕੰਮ ਦੇ ਸੈਸ਼ਨਾਂ ਦੀ ਵਿਉਂਤ ਬਣਾਉਣ ਵੇਲੇ ਤੁਹਾਡੀ ਆਪਣੀ ਨੌਕਰੀ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਵਲ ਵੀ ਧਿਆਨ ਦਿੱਤਾ ਜਾਏਗਾ।

# ਮੇਰੇ ਲਈ ਇਹਦਾ ਕੀ ਅਰਥ ਹੈ?

ਤੁਹਾਨੂੰ ਸਜ਼ਾ ਸੁਣਾਈ ਜਾਣ ਮਗਰੋਂ ਤੁਸੀਂ ਆਪਣੇ ਕਮਿਊਨਿਟੀ ਪਨਿਸ਼ਮੈਂਟ ਅਫ਼ਸਰ ਨੂੰ ਮਿਲੋਗੇ ਜੋ ਤੁਹਾਨੂੰ ਇਸ ਈ ਸੀ ਪੀ ਸਕੀਮ ਦੇ ਬਾਰੇ ਦੱਸੇਗਾ/ਦੱਸੇਗੀ, ਅਤੇ ਤੁਹਾਡੀਆਂ ਯੋਗਤਾਵਾਂ ਅਤੇ ਲੋੜਾਂ ਦੇ ਅਨੁਸਾਰ ਤੁਹਾਨੂੰ ਕਰਨ ਲਈ ਕੰਮ ਦੇਵੇਗਾ/ਦੇਵੇਗੀ।

ਤੁਹਾਨੂੰ ਦਸ ਦਿਨਾਂ ਦੇ ਅੰਦਰ ਕੰਮ ਸ਼ੁਰੂ ਕਰਨਾ ਪਏਗਾ ਅਤੇ ਤੁਹਾਡੀ ਪ੍ਰਗਤੀ ਬਾਰੇ ਬਾਕਾਇਦਾ ਲੇਖਾ ਜੋਖਾ ਕੀਤਾ ਜਾਂਦਾ ਰਹੇਗਾ।

# ਮੈਨੂੰ ਕੀ ਕਰਨਾ ਪਏਗਾ?

**ਤੁਹਾਨੂੰ ਹੇਠ ਲਿਖੇ ਕੰਮ ਲਾਜ਼ਮੀ ਤੌਰ 'ਤੇ ਕਰਨੇ ਪੈਣਗੇ:**

- ਸਭ ਅਪੁਆਇੰਟਮੈਂਟਾਂ 'ਤੇ ਜਾਣਾ ਅਤੇ ਸਮੇਂ ਸਿਰ ਉੱਥੇ ਪਹੁੰਚਣਾ
- ਹੁਕਮ ਦੇ ਅਨੁਸਾਰ ਪੂਰੇ ਘੰਟੇ ਕੰਮ ਕਰਨਾ ਅਤੇ ਹਿਦਾਇਤਾਂ ਦਾ ਪਾਲਣ ਕਰਨਾ
- ਜੇ ਤੁਹਾਡਾ ਰਹਿਣ ਦਾ ਪਤਾ ਬਦਲ ਜਾਏ ਤਾਂ ਸਾਨੂੰ ਦੱਸਣਾ
- ਜੇ ਤੁਸੀਂ ਕੰਮ ਲਈ ਨਹੀਂ ਆ ਸਕਦੇ, ਤਾਂ ਉਸੇ ਵੇਲੇ ਸਾਨੂੰ ਦੱਸਣਾ।

ਜੇ ਬਿਨਾਂ ਕਿਸੇ ਜਾਇਜ਼ ਕਾਰਨ ਤੁਸੀਂ ਦੋ ਜਾਂ ਵੱਧ ਸੈਸ਼ਨਾਂ ਲਈ ਨਹੀਂ ਪਹੁੰਚੋਗੇ, ਤਾਂ ਤੁਹਾਨੂੰ ਅਦਾਲਤ ਵਿਚ ਦੁਬਾਰਾ ਪੇਸ਼ ਕੀਤਾ ਜਾਏਗਾ ਅਤੇ ਤੁਹਾਨੂੰ ਜੇਲ੍ਹ ਵਿਚ ਵੀ ਭੇਜਿਆ ਜਾ ਸਕਦਾ ਹੈ।

**ਤੁਹਾਨੂੰ ਹੇਠ ਲਿਖੇ ਕੰਮ ਬਿਲਕੁਲ ਨਹੀਂ ਕਰਨੇ ਚਾਹੀਦੇ:**

- ਕਿਸੇ ਅਪੁਆਇੰਟਮੈਂਟ 'ਤੇ ਨਾ ਜਾਣਾ ਜਾਂ ਲੇਟ ਜਾਣਾ
- ਸ਼ਰਾਬ ਪੀ ਕੇ ਜਾਂ ਕੋਈ ਨਸ਼ਾ ਕਰਕੇ ਕੰਮ 'ਤੇ ਜਾਣਾ
- ਨਸਲਵਾਦੀ, ਲਿੰਗਵਾਦੀ ਜਾਂ ਕਿਸੇ ਦਾ ਅਪਮਾਨ ਕਰਨ ਵਾਲੀ ਕੋਈ ਹਰਕਤ ਕਰਨਾ

ਤੁਹਾਨੂੰ ਹੱਕ ਹੈ ਕਿ ਤੁਹਾਡੇ ਨਾਲ ਨਿਆਂਪੂਰਨ ਵਤੀਰਾ ਹੋਵੇ ਅਤੇ ਵਿਤਕਰਾ ਨਾ ਹੋਵੇ, ਪਰ ਹੋਰਨਾਂ ਨਾਲ ਤੁਹਾਡਾ ਵਤੀਰਾ ਵੀ ਇਹੋ ਜਿਹਾ ਹੋਣਾ ਚਾਹੀਦਾ ਹੈ। ਜੇ ਤੁਹਾਨੂੰ ਕੋਈ ਸ਼ਿਕਾਇਤ ਹੈ, ਤਾਂ ਤੁਸੀਂ ਕਮਿਊਨਿਟੀ ਪਨਿਸ਼ਮੈਂਟ ਅਫ਼ਸਰ ਨੂੰ ਦੱਸੋ।